ਨਾਮਧਾਰੀ ਪ੍ਰਕਾਸ਼

ਲੇਖਕ-
ਸੰਤ ਨਿਧਾਨ ਸਿੰਘ ਜੀ "ਆਲਿਮ"

ਪ੍ਰਕਾਸ਼ਕ-
ਮੈਨੇਜਰ-'ਸਤਿਜੁਗ' ਸ੍ਰੀ ਭੈਣੀ ਸਾਹਿਬ

(ਲੁਧਿਆਣਾ)

੧੦੦੦ ਕੀਮਤ -)॥



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

੧ ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ਵਾਕਬੀ

ਨਿਰਮਲ ਪੰਥ ਭੂਸ਼ਨ ਗਿਆਨੀ ਗਿਆਨ ਸਿੰਘ ਜੀ ਉੱਚ ਕੋਟੀ ਦੇ ਵਿਦਵਾਨ, ਚਮਤਕਾਰ ਕਵੀ ਅਤੇ ਸਿਖ ਇਤਿਹਾਸ ਦੇ ਤਕੜੇ ਗਿਆਤਾ ਸਨ। ਸ੍ਰਵੱਗਯ ਤਾਂ ਕੇਵਲ ਸਤਿਗੁਰੂ ਜੀ ਹੀ ਹਨ, ਪ੍ਰੰਤੂ ਗਿਆਨੀ ਜੀ ਨੇ ਜੋ ਸਿੱਖ ਧਰਮ ਦੀ ਸਾਹਿਤਕ ਤੇ ਇਤਹਾਸਕ ਸੇਵਾਕੀਤੀ ਹੈ, ਉਸਨੂੰ ਸਉਹੇਂ ਰਖਕੇ ਕਿਹਾ ਜਾ ਸਕਦਾ ਹੈ, ਕਿ ਉਹ ਖੋਜੀ, ਪੁਰਸ਼ਾਰਥੀ, ਸਾਹਸੀ ਅਤੇ ਲਗਨ ਵਾਲੇ ਹੋਣ ਦੇ ਕਾਰਨ ਕਈ ਇਤਹਾਸ-ਕਾਰਾਂ ਨਾਲੋਂ ਵਧੀਕ ਗਿਆਨ ਰਖਦੇ ਸਨ। ਭਾਵੇਂ ਉਹ ਹੋਰ ਵੀ ਕਈ ਪੁਸਤਕਾਂ ਦੇ ਕਰਤਾ ਹੋਣ, ਪ੍ਰੰਤੂ ਇਤਿ-

ਹਾਸਕ ਨੁਕਤਾ ਨਿਗਾਹ ਨਾਲ "ਪੰਥ–ਪ੍ਰਕਾਸ਼" ਉਨ੍ਹਾਂ ਦੀ ਸਰਬੋਪਰੀ ਅਰ ਉਤ–ਕ੍ਰਿਸ਼ਟ ਰਚਨਾ ਹੈ। ਵਿਦਵਾਨਾਂ ਨੂੰ ਸੰਪ੍ਰਦਾਇਕ ਦ੍ਰਿਸ਼ਟੀ ਕੋਣ ਨਾਲ ਉਨ੍ਹਾਂ ਦੀਆਂ ਲਿਖਤਾਂ ਨਾਲ ਮਤ ਭੇਦ ਵੀ ਹੋ ਸਕਦਾ ਹੈ, ਅਤੇ ਇਹ ਵੀ ਸੰਭਵ ਹੈ, ਕਿ ਬਾਜ਼ੇ ਵਾਕਿਆਤਨੂੰ ਲਿਖਣ ਲੱਗਿਆਂ,ਉਨ੍ਹਾਂ ਦਾ ਦਿਲ ਅਪਣੇ ਮਤ ਦੇ ਪ੍ਰਭਾਵ ਹੇਠ ਰਿਹਾ ਹੋਵੇ,ਪ੍ਰੰਤੂ ਇਸ ਵਿਸ਼ਯ ਵਿਚ ਉਨ੍ਹਾਂਨੇ ਜਿਸ ਪ੍ਰਿਸ਼ਰਮ ਦਾ ਪ੍ਰਿਚਯ ਦਿਤਾ ਹੈ ਉਹ ਹਰ ਖਿਆਲ ਦੇ ਸਿਖਾਂ ਅਰ ਸਿਖ ਧਰਮ ਬਾਬਤ ਕੁਝ ਜਾਨਣ ਦੇ ਚਾਹਵਾਨਾਂ ਦੀ ਦ੍ਰਿਸ਼ਟੀ ਵਿਚ ਸ਼ਲਾਘਾ ਯੋਗ ਅਤੇ ਵਾਕਫੀ ਭਰਿਆ ਮੰਨਿਆਂ ਜਾ ਸਕਦਾ ਹੈ। ਪੰਥ ਪ੍ਰਕਾਸ਼ ਦੀਆਂ ੬ ਬੀੜਾਂ ਛਪ ਚੁਕੀਆਂ ਹਨ। ਪਹਿਲੀਆਂ ਤਿੰਨ ਗਿਆਨੀ ਜੀ ਦੇ ਜੀਵਨ ਕਾਲ ਵਿਚ ਅਤੇ ਪਿਛਲੀਆਂ ਤਿੰਨ ਉਨ੍ਹਾਂ ਦੇ ਪ੍ਰਲੋਕਗਾਮੀ ਹੋਣ ਤੋਂ ਪਿਛੋਂ ਛਾਪੀਆਂ ਗਈਆਂ ਹਨ। ਸਮੇ ਸਮੇ ਅਨੁਸਾਰ ਇਨ੍ਹਾਂ ਅੰਦਰ ਵਾਕਿਆਤੀ ਅਦਲਾ ਬਦਲੀਆਂ ਵੀ ਹੁੰਦੀਆਂ ਰਹੀਆਂ ਹਨ, ਜਿਨ੍ਹਾਂ

ਦਾ ਇਸ ਲੇਖ ਨਾਲ ਸਬੰਧਿਤ ਤਬਦੀਲੀ ਤੋਂ ਬਿਨਾਂ ਵਰਨਨ ਕਰਨਾ ਇਸ ਥਾਂ ਤੇ ਲੁੜੀਂਦਾ ਨਹੀਂ ਭਾਸਦਾ। ਨਾਮਧਾਰੀ ਪੰਥ ਦਾ ਜ਼ਿਕਰ ਸਭਤੋਂ ਪਹਿਲੋਂ ਗਿਆਨੀ ਜੀ ਨੇ ੧੯੪੬ ਬਿ: ਵਾਲੀ ਉਸ ਐਡੀਸ਼ਨ ਵਿਚ ਕੀਤਾ ਹੈ, ਜੋ ਸ੍ਰੀ ਅਮ੍ਰਿਤਸਰ ਵਿਖੇ ਪ੍ਰਕਾਸ਼ਿਤ ਹੋਈ ਸੀ। ਕਿਉਂਕਿ ਗਿਆਨੀ ਜੀ ਨੇ ਨਾਮਧਾਰੀ ਸੰਤ ਖਾਲਸਾ ਜੀ ਦੇ ਹਾਲਾਤ ਅਪਣੇ ਅੱਖੀਂ ਦੇਖੇ ਸਨ, ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਆਪ ਨੇ ਦਰਸ਼ਨ ਵੀ ਕੀਤਾ ਸੀ, ਇਸ ਲਈ ਆਪ ਨੇ ਅਤਿ ਸੰਖੇਪ ਵਿਚ (ਭਾਵ ਕੇਵਲ ੨੮ ਕਬਿੱਤਾਂ ਵਿਚ) ਨਾਮਧਾਰੀ ਚਿੱਤ੍ਰ ਖਿਚਣ ਵਿਚ ਜੋ ਕੁਸ਼ਲਤਾ ਦਿਖਾਈ ਹੈ, ਉਹ ਨਾਮਧਾਰੀ ਪੰਥ ਦੀ ਦ੍ਰਿਸ਼ਟੀ ਵਿਚ ਪ੍ਰਸ਼ੰਸਾ ਦੀ ਪਾਤ੍ਰ ਹੈ। ਗ਼ਲਿਤ ਫ਼ਹਿਮੀ ਦੇ ਕਾਰਨ ਕੁਛ ਵਾਕਿਆਤੀ ਗ਼ਲਿਤ ਬਿਆਨੀਆਂ ਦਾ ਹੋ ਜਾਣਾਂ ਕੁਦਰਤੀ ਗੱਲ ਹੈ, ਪ੍ਰੰਤੂ ਸਮੁੱਚੇ ਰੂਪ ਵਿਚ ਗਿਆਨੀ ਜੀ ਨੇ ਨਾਮਧਾਰੀ ਇਤਿਹਾਸ ਦਾ ਸਮੁੰਦਰ ਕਾਵਯ ਕਲਾ ਦੇ ਛੋਟੇ ਜੇਹੇ ਕੁੱਜੇ ਵਿਚ ਬੰਦ ਕਰਨ ਦਾ ਸ਼ਲਾਘਾਯੋਗ ਜਤਨ ਕੀਤਾ ਹੈ।

ਇਤਿਹਾਸਕ ਸਚਾਈ ਨੂੰ ਕਿਸੇ ਪੱਖਪਾਤ ਦੇ ਪਰਦੇ ਹੇਠ ਲੁਕਾਣ ਦੀ ਖੇਚਲ ਤੋਂ ਆਪ ਨੇ ਬਚਣ ਦਾ ਪੂਰਾ ਪ੍ਰਿਸ਼ਰਮ ਕੀਤਾ ਹੈ। ਇਹ ਕਬਿੱਤ ਪੁਸ-ਤਕ ਦੇ ਇਕਹੱਤ੍ਰਵੇਂ ਬਿਸ੍ਰਾਮ ਵਿਚ ਦਰਜ ਹਨ, ਜਿਨ੍ਹਾਂ ਵਿਚ ਯਾਰ੍ਹਵੇ ਗੁਰੂ ਸਤਿਗੁਰੂ ਬਾਲਕ ਸਿੰਘ ਜੀ ਅਰ ਬਾਰ੍ਹਵੇਂ ਪਾਤਸ਼ਾਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸ਼ੁਭ ਨਾਵਾਂ ਨੂੰ ਪੂਰਣ ਸਤਕਾਰ ਸਹਿਤ ਸਤਕਾਰਿਆ ਗਿਆ ਹੈ। ਕਬਿੱਤ ਅੰਕ ੨ ਵਿਚ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੂੰ ਈਸ਼ਰ ਅਵਤਾਰ ਮੰਨਦਿਆਂ ਹੋਇਆਂ ਤੀਜੇ ਕਬਿੱਤਵਿਚ ਏਨੀ ਉਪਮਾਂ ਕੀਤੀ ਗਈ ਹੈ, ਜਿੰਨੀਂ ਕਿ ਕਿਸੇ ਈਸ਼ਰ ਯਾ ਗੁਰੂ ਅਵਤਾਰ ਦੀ ਕੋਈ ਮੁਸੰ-ਨਫ ਕਰ ਸਕਦਾ ਹੈ। ਹਜ਼ੂਰ ਨੂੰ ਪੈਗੰਬਰਾਂ ਦੇ ਪਾਲਕ, ਅੰਬਰਾਂ ਦੇ ਮਾਲਿਕ ਤੇ ਅਡੰਬਰਾਂ ਦੇ ਤਿਆਗੀ ਦਿਖਾਕੇ ਤਾਂ ਗਿਆਨੀ ਜੀ ਨੇ ਉਸ ਉਚੇ ਮੰਡਲ ਵਿਖੇ ਆਸਨ ਆਸੋਨ ਦਰਸ਼ਾਯਾ ਹੈ, ਜਿਥੇ ਪੈਗੰਬਰ ਵੀ, ਉਨ੍ਹਾਂ ਦੀ ਪ੍ਰਤਪਾਲਨਾਂ ਦੇ ਮੁਥਾਜ ਨਜ਼ਰ ਆਉਂਦੇ ਹਨ। ਕਬਿੱਤ ਨੰਬਰ ੪ ਵਿਚ ਰੱਬੀ ਇਲਹਾਮ ਦੁਆਰਾ ਜਗਤ ਜੀਆਂ ਦੀ

ਕਲਿਆਣ ਦਾ ਹੁਕਮ ਅਤੇ ਨਾਲ ਹੀ ਇਹਦਰਜ ਹੈ, ਕਿ ਗੁਰੂ ਬਾਲਕ ਸਿੰਘ ਜੀ ਨੂੰ ਦਸਵੇਂ ਪਾਤ-ਸ਼ਾਹ (ਸ੍ਰੀਗੁਰੂ ਗੋਬਿੰਦ ਸਿੰਘ ਜੀ) ਨੇ ਦਰਸ਼ਨ ਦੇ ਕੇ ਕਿਹਾ,ਕਿ 'ਮੇਰਾ ਅਵਤਾਰ ਰਾਮਸਿੰਘ ਹੋਵੇਗਾ। ਅੱਗੇ ਪੰਜਵੇਂ ਕਬਿੱਤ ਵਿਖੇ ਗਿਆਨੀ ਜੀ ਨੇ ਲਿਖਿਆ ਹੈ ਦਸਮ ਗੁਰੂ ਜੀ ਦੇ ਓਸ ਵਾਕ ਅਨੁਸਾਰ ਹੀ ਸੰਮਤ ੧੮੭੨ ਬਿਃ ਦੀ ਮਾਘ ਸੁਦੀ ਪੰਜਵੀਂ ਨੂੰ ਗੁਰਵਾਰ (ਵੀਰ) ਜ਼ਿਲੇ ਲੁਧਿਆਣੇ ਦੇ ਭੈਣੀ ਨਾਵੇਂ ਗ੍ਰਾਮ ਵਿਚ ਬਾਬੇ ਜੱਸੇ ਦੇ ਘਰ ਮਾਤਾਂ ਸੱਦਾਂ ਦੁਆਰਾ (ਸ੍ਰੀ ਸਤਿਗੁਰੂ) ਰਾਮ ਸਿੰਘ ਜੀ ਦਾ ਦੋਸ਼ ਨਾਸ਼ਕ ਅਵਤਾਰ ਹੋਇਆ। ਗਿਆ-ਰੁਵੇਂ ਕਬਿੱਤ ਵਿਚ ਦਸਿਆ ਹੈ ਕਿ ਵੀਹ ਕੁ ਬਰਸ ਤਪ ਕਰਨ ਉਪ੍ਰੰਤ (ਸ੍ਰੀ ਸਤਿਗੁਰੂ) ਰਾਮ ਸਿੰਘ ਜੀ ਨੂੰ ਅਕਾਸ਼ ਬਾਣੀ ਦੁਆਰਾ ਅਕਾਲ ਪੁਰਖ ਦਾ ਹੁਕਮ ਹੋਇਆ ਕਿ ਜਗਤ ਦਾ ਕਲਿ-ਆਣ ਕਰੋ। ਬਾਰੁਵੇਂ ਕਬਿੱਤ ਵਿਚ ਇਸ ਗੱਲ ਦਾ ਸਪਸ਼ਟ ਵਰਨਨ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪਰਮੇਸ਼ਰ ਦੇ ਹੁਕਮ ਅਨੁਸਾਰ ਜੀਆਂ ਨੂੰ ਨਾਮ ਦਾਨ ਦੇਣਾਂ ਅਰੰਭ ਕੀਤਾ।

ਅਫ਼ੀਮ, ਭੰਗ, ਪੋਸਤ, ਸ਼ਰਾਬ, ਮਾਸ, ਤੇ ਚੋਰੀ ਆਦਿ ਛੁਡਾਕੇ ਪਾਮਰਾਂ ਨੂੰ ਸੰਤ ਬਣਾ ਦਿਤਾ। ਹੁਕਈਆਂ ਦੇ ਹੁੱਕੇ ਛੁਡਵਾਏ, ਤੇ ਮੋਨਿਆਂ ਨੂੰ ਕੇਸ ਰਖਵਾਕੇ ਅੰਮ੍ਰਿਤ ਛਕਾਇਆ। ਉਪਦੇਸ਼ ਦਾ ਅਜੇਹਾ ਅਸਰ ਹੋਇਆ ਕਿ ਅਨੇਕਾਂ ਪੁਰਸ਼ ਕੁਕਰਮਾਂ ਨੂੰ ਤਿਆਗਕੇ ਦੇਵਤੇ ਬਣ ਗਏ ਤੇ ਇਸਤਰੀਆਂ (ਸਤਿਗੁਰੂ ਰਾਮਸਿੰਘ ਜੀ ਦੀ ਕਿਰਪਾ ਨਾਲ ਕਲਿਜੁਗ ਅੰਦਰ) ਸਤਿਜੁਗ(ਦਾ ਪਹਿਰਾ) ਆਗਿਆ। ਛੇਕੜਲੇ ਕਬਿਤ ਵਿਚ ਕੂਕਿਆਂ ਨੂੰ ਦਸਵੇਂ ਗੁਰੂ ਜੀ ਦੇ ਸਾਦਕ ਸਿਖ ਦਸਦਿਆਂ ਹੋਇਆਂ ਗਿਆਨੀ ਜੀ ਨੇ ਲਿਖਿਆ ਹੈ–"

ਸੁਕਲ ਬਸਨ ਮਾਲਾ, ਸੂਧੀ ਦਸਤਾਰ ਡਾਢੀ,
ਕਰੇ ਹੈਂ ਹਮਨ ਪਾਠ ਗ੍ਰੰਥ ਗੁਰੂ ਜੂ ਕੇ ਹੈ।
ਦਸਮੇਂ ਗੁਰੂ ਕੇ ਸਿਖ ਸਾਦਕ ਸਹੀ ਹੈਂ ਸਬ,
ਲਾਲਸਾ ਬਿਸਾਲ ਰਾਜ ਲੇਬੇ ਕੀ ਅਚੂਕੇ ਹੈਂ।
ਹੋਰੇ ਜੈਸੇ ਲੱਖਨ ਹੈਂ ਟੇਰੇ ਤੈਸੇ ਗਿਆਨ ਸਿੰਘ,
ਐਸੇ ਪਰਸਿੱਧ ਹੀ ਅਬਿਧ ਸਿਖ ਕੂਕੇ ਹੈਂ।"

ਏਥੇ ਏਸ ਗੱਲ ਦਾ ਜ਼ਿਕਰ ਕਰਨਾ ਬੜਾ ਜ਼ਰੂਰੀ ਹੈ ਕਿ ਨਾਮਧਾਰੀ ਪੰਥ ਦੇ ਏਨ੍ਹਾਂ ਇਤਿਹਾਸਕ

ਅਤੇ ਪ੍ਰਸ਼ੰਸਕ ਕਬਿਤਾਂ ਨੂੰ ਵਜ਼ੀਰ ਹਿੰਦ ਪ੍ਰੈਸ ਵਿਚ ਛਾਪੀ ਗਈ ਪੰਥ ਪ੍ਰਕਾਸ਼ ਦੀ ਚੌਥੀ ਐਡੀਸ਼ਨ ਵਿਚ ਹੋਰ ਰੂਪ ਦੇ ਦਿਤਾ ਗਿਆ।(੧) ਜਿਥੇ ਪੂਰ-ਵੋਕਤ ਐਡੀਸ਼ਨ ਵਿਚ ਦਿਨ੍ਹਾਂ ਦੀ ਗਿਣਤੀ ੨੯ ਸੀ, ਓਥੇ ਇਸ ਐਡੀਸ਼ਨ ਵਿਚ ੧੦ ਕਰ ਦਿੱਤੀ ਗਈ। (੨) ਜਿਸ ਕ੍ਬਿਤ ਵਿਚ ਗੁਰੂ ਬਾਲਕ ਸਿੰਘ ਜੀ ਦੇ ਇਲਹਾਮ ਅਤੇ ਉਨ੍ਹਾਂ ਨੂੰ ਦਸਵੇਂ ਪਾਤਸ਼ਾਹ ਦਾ ਦਰਸ਼ਨ ਦੇ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਹੋਣ ਬਾਬਤ ਭਵਿੱਖਤ ਵ੍ਹਾਕ ਦਾ ਵਰਨਨ ਸੀ, ਉਹ ਉਕਾ ਹੀ ਕਢ ਦਿਤਾ ਗਿਆ। (੩) ਗਿਆਨੀ ਜੀ ਦੇ ਕਬਿੱਤ ਤੋੜਮਰੋੜ ਅਰ ਉਨ੍ਹਾਂ ਵਿਚ ਵਾਧਾ ਘਾਟਾ ਕਰਕੇ ਛਾਪੇ ਗਏ।

ਭਾਵੇਂ ਏਨ੍ਹਾਂ ਤੋੜੇ ਮਰੋੜੇ ਅਰ ਬਦਲੇ ਹੋਏ ਕਬਿਤਾਂ ਵਿਚੋਂ ਵੀ ਸ੍ਰੀ ਗੁਰੂ ਬਾਲਕ ਸਿੰਘ ਜੀ ਤੇ ਸਤਿਗੁਰੂ ਰਾਮ ਸਿੰਘ ਜੀ ਦਾ ਗੁਰੱਤ੍ਵ ਝਲਕ ਮਾਰਨ ਤੋਂ ਬਿਨਾਂ ਨਹੀਂ ਰਹਿੰਦਾ, ਪਰ ਇਤਿਹਾਸ ਦੀ ਹਕੀਕਤ ਨੂੰ ਸੁਧਾਈ ਦੇ ਨਾਮ ਤੇ ਰੂਪੋਸ਼ ਕਰ ਦੇਣ ਦਾ ਇਰਾਦਾ ਰੱਖਣ ਵਾਲੇ ਬਾਜ਼ੇ ਸਜਨਾਂ ਵਲੋਂ ਇਸ ਗਲ ਦਾ ਅੰਦੇਸ਼ਾ ਹੈ, ਕਿ ਇਨ੍ਹਾਂ ਕਬਿੱਤਾਂ ਦਾ

ਉਕਾ ਹੀ ਅਭਾਵ ਕਰਨ ਦਾ ਜਤਨ ਕੀਤਾ ਜਾਵੇ। ਏਸ ਖਿਆਲ ਨੂੰ ਮੁਖ ਰਖਕੇ ਕਈ ਸਾਲ ਹੋਏ ਮੈਂ ਇਹ ਅਸਲੀ ੨੮ ਕਬਿਤ "ਨਾਮਧਾਰੀ ਪ੍ਰਕਾਸ਼" ਦੇ ਨਾਮ ਹੇਠ ਛਪਵਾਏ ਸਨ, ਤੇ ਹੁਣ ਇਨ੍ਹਾਂ ਨੂੰ ਮੈਨੇਜਰ "ਸਤਿਜੁਗ" ਸ੍ਰੀ ਭੈਣੀ ਸਾਹਿਬ ਪ੍ਰਕਾਸ਼ਿਤ ਕਰ ਰਹੇ ਹਨ, ਤਾਕਿ ਇਹ ਸੁਰਖਸ਼ਿਤ ਰਹਿ ਸਕਣ, ਅਤੇ ਪੰਥ ਇਨ੍ਹਾਂ ਦੇ ਵਧ ਤੋਂ ਵਧ ਪ੍ਰਚਾਰ ਦੁਆਰਾ ਲਾਭ ਪ੍ਰਾਪਤ ਕਰ ਸਕੇ।

ਤ੍ਰੀਕ ੧੦ ਫਗਣ ਸੰ: ੨੦੦੦

ਸ੍ਰੀ ਅੰਮ੍ਰਿਤਸਰ
(ਸ਼ਹੀ) ਨਿਧਾਨ ਸਿੰਘ — ੨੧-੨-੧੯੪੪
"ਆਲਿਮ"

ਨਾਮਧਾਰੀ ਪ੍ਰਕਾਸ਼

ਕਬਿੱਤ–

ਪੰਥ ਖਾਲਸੇ ਮੈ ਏਕ ਸ਼ਾਖ ਕੂਕੇ ਸਿੰਘਨ ਕੀ,
ਤੀਸਕ ਬਰਸ ਤੈ ਜੋ ਬਿਦਤੇ ਮਹਾਨ ਹੈਂ।
ਸਬਦ ਕੀ ਮਸਤੀ ਮੈ ਹਾਲ ਤੇ ਬਿਹਾਲ ਹੋਇ
ਸਿਰਤੇ ਉਤਰ ਜਾਤ ਦਸਤਾਰ ਤਾਨ ਹੈਂ।
ਸਹੀ ਨਾਮ 'ਨਾਮਧਾਰੀ' ਆਹਿ ਤਿਨਕਾਉਦਾਰੀ.
ਕੂਕ ਮਾਰਨੇ ਤੈ 'ਕੂਕੇ' ਜਗਤ ਬਖਾਨ ਹੈ।
ਏਕ ਦਸਤਾਰ ਕੇ ਉਤਾਰ ਬਿਨੁ ਔਰ ਰੀਤਿ,
ਚਾਹੀਯਤ ਜੈਸੀ, ਤੈਸੀ ਤਿਨ ਮੈ ਪ੍ਰਧਾਨ ਹੈ।

––:o:––

ਭਏ ਕੂਕੇ ਜੈਸ ਅਬ ਸੁਨ ਲੇਹੁ ਤੈਸ ਸਭ,
ਰਾਜ ਸਿੰਘੀ ਬੇਸ ਜਬ ਦੇਸ ਏਸ ਸਾਵਤੇਂ ।
ਅਟਕ ਦਰਯਾਉ ਤਟ ਛੋਈ ਨਾਮ ਗਾਮ ਮਾਹਿ,
ਪੋਠੋਹਾਰ ਦੇਸ ਮਾਹਿ ਸਮ ਅਮਰਾਵਤੇਂ ।
ਸੰਮਤ ਅਠਾਰਾਂਸੌ ਛਿਪੰਜਾ ਮੇਂ ਬਾਲਕ ਸਿੰਘ,
ਭਯੋ ਅਵਤਾਰ ਤਹਿੰ ਈਸ ਅੰਸ ਭਾਵ ਤੇਂ ।
ਜਾਤਿ ਕਾ ਅਰੋੜਾ ਭਯੋ ਜਗਤ ਅਮੋੜਾ,
ਨਾਮਜਪਿਓ ਨ ਥੋੜਾ,ਛੋੜਾਵਿਸ਼ੇ ਰਸਯਾਵਤੇ ।

——:o:——

ਨਾਮ ਸਿੰਘ ਬਾਲਕ,ਪੈ ਪਾਲਕ ਪਿਗੰਬਰੋਂ ਕੇ,
ਅੰਬਰੋਂ ਕੇ ਮਾਲਿਕ ਅਡੰਬਰੋਂਕੇ ਤਯਾਗੀ ਹੈਂ ।
ਤਾਲਕ ਰਖੇ ਹੈਂ ਏਕ ਖਾਲਕ ਮੇਂ ਸਾਲਕ ਸੇ,
ਗਾਲਕ ਬਿਕਾਰਨ ਕੇ ਚਾਲਕ ਵਿਰਾਗੀ ਹੈਂ ।
ਗੋਇ ਰਾਖੀ ਘਟਦੀਪ ਜਿਮ ਨਿਜ ਅਜਮਤ,
ਸਜਮਤ ਭਕਤਿ ਵਿਰਕਤਿ ਅਦਾਗੀ ਹੈਂ ।
ਕੀਰਤਨ, ਕਥਾ, ਸਤਸੰਗ,ਜਥਾ ਜੋਗ ਤਥਾ,
ਰਾਖਤ ਥਾ ਭਾਖਤ ਥਾ ਭਜਨ ਸਜਾਗੀ ਹੈਂ ।

——:o:——

ਸੰਮਤ ਪਚਾਸੀਦੇ ਮੈ ਹਜਰੋਂ ਗਰਾਮ ਮਾਂਹਿ,
ਭਾਈਤਾਂਹਿ ਕੇ ਦੁਕਾਨ ਆਇਤਹਾਂ ਜੋ ਕਈ।
ਯਾਂਹਿ ਹੇਤ ਬਾਲਕ ਮ੍ਰਿਗੇਸ ਭੀ ਬਸੇਸ ਤਹਾਂ,
ਆਇਕੈ ਨਿਵਾਸ ਕੀਨ ਕ੍ਰਿਤ ਕਰਕੇ ਖਈ।
ਤਾਂਹਿ ਕੇ ਪ੍ਰਤਾਪ ਕਰ ਹਜਰੋਂ ਅਮਾਪ ਵਰ,
ਭਯੋ ਸਮ ਔਧ ਤਰ ਮੰਦਤਾ ਬਿਲੈ ਗਈ।
ਭਯੋਲੋਗ ਬਡਭਾਗੀ,ਭਗਤੀ ਮੈ ਮਤਿ ਪਾਗੀ,
ਸੰਤ ਸੰਗ ਮਾਹਿ ਜਾਗੀ, ਸੰਤ ਸੇਵ ਹੂ ਠਈ।

—:o:—

ਬਾਲਕ ਮ੍ਰਿਗੇਸ ਤੇ ਵਸ਼ੇਸ਼ ਉਪਦੇਸ ਨਾਮ,
ਯਦੀ ਨਰਨਾਰੀ ਲੈ ਅਪਾਰੀ ਭਵ ਤੇ ਤਰੇ।
ਔਰ ਇਲਹਾਮ ਕਰਤਾਰ ਕਈ ਬਾਰ ਦਇਓ—
'ਨਾਮ ਦੈ ਉਧਾਰ ਕਰ ਜੀਵਨ ਕਾ ਤੂ ਖਰੇ।'
ਐਪੈ ਗੁਰ ਦਸਮ ਦਰਸ ਦੈ ਜੋ ਕਹਿਓ ਤਾਂਹਿ,
"ਮੇਰੋ ਅਵਤਾਰ ਅੰਸ ਰਾਮ ਸਿੰਘ ਹੈ ਭਰੇ।"
ਯਾਂਹਿ ਹੇਤ ਤਾਂਹਿ, ਨਾਂਹਿ ਔਰ ਕਾਂਹਿ ਮਾਂਹਿ,
ਨਿਜਸਕਤਿ ਰਖਾਈ ਗੁਰੁਵਾਕ ਦਿਵਥੇ ਧਰੇ।

—:o:—

ਸੋਈ ਨੇਤਿ ਫੁਰੀ ਆਇ ਸੰਮਤ ਬਹਤਰੇ ਮੈ,
ਮਾਘ ਸੁਦੀ ਪੰਚਮੀ ਸਵੇਰੇ ਗੁਰੁਵਾਰ ਕੈ।
ਜਿਲੇ ਲੁਦਿਹਾਣੇ, ਗਾਮ ਭੈਣੀ ਨਾਮ ਜਾਣੇ ਆਮ,
ਅਵਤਰੇ ਸਿੰਘ ਰਾਮ ਕਲ ਮਲੋ ਟਾਰ ਕੈ।
ਜ਼ਾਤਿ ਤਰਖਾਨ, ਜੱਸੇ ਨਾਮ ਕੇ ਅਵੱਸੇ ਘਰ,
ਸਦਾਂ ਮਾਤ ਸੇਂ ਪ੍ਰਕਾਸੇ ਨਾਮ ਪਰਚਾਰ ਕੈ।
ਬਾਲਕਾਹੀ ਪਨ ਸੋਂ ਥੇ ਈਸ੍ਵਰ ਕੇ ਮਨਸੇਂ ਥੇ,
ਧਯਾਵਤੇ ਸਗਨ ਸੇਂ ਥੇ ਜਨੇ ਕੇ ਸੁਧਾਰ ਕੈ।

—:o:—

ਬਡੇ ਥਾਇ ਜਾਇਕੇ ਲਹੌਰ ਪਲਟਨ ਮਾਂਹਿ,
ਠਾਨ ਲੀਨ ਨੌਕਰੀ ਪਛਾਨ ਕੇ ਸੁਕ੍ਰਿਤ ਹੈ।
ਬਾਨੀ ਗੁਰੂ ਕੀ ਪਢੈ ਹੈਂ, ਭਜਨ ਕਰੇਹੈਂ ਚੇਹੈਂ,
ਰਹਿਨੋ ਇਕੰਤ, ਦੇਹੈਂ ਆਜਜੇਂ ਕੋ ਬਿੱਤ ਹੈ।
ਸੰਮਤ ਅਠਾਰਾਂ ਮੋ ਅਠਾਨਵੇਂ ਮੈ ਪਲਟਨ,
ਗਈ ਥੀ ਸੋ ਹਜਰੋ ਮੈ ਰਾਜ-ਕਾਜ ਹਿਤ ਹੈ।
ਸੰਤਨ ਕੇ ਮਿਲਬੇ ਕਾ ਸ਼ੌਕ ਥਾ ਮਹਾਨ,
ਰਾਮਸਿੰਘ ਦਰਸਾਤੇ ਯਾਂਤੇ ਜਾਇਜਿਤ ਕਿਤ ਹੈਂ।

—:o:—

ਬਾਲਕ ਮ੍ਰਿਗੇਸ ਕਾ ਬਸੇਸ ਜਸ ਸੁਨ ਸੋਊ,
ਕੋਕਲ ਬਤਕ ਸੁਤ ਸਮ ਹੁਲਸਾਇਕੈ।
ਪੂਰਾ ਪੁੰਨਜਪੁੰਜ ਜਾਗਯੋ ਰੰਗਨ ਮੈ ਖੂਬ ਰਾਂਗਿਓ,
ਬਡਭਾਗੀ ਪ੍ਰੇਮ ਪ੍ਰਾਗਯੋ ਗਹੇ ਪਗ ਜਾਇਕੈ।
ਪੇਖ ਅਧਿਕਾਰੀ ਈਸ ਅੰਸ ਅਵਤਾਰੀ ਤਬ,
ਬਾਲਕ ਮ੍ਰਿਗਾਰੀ ਦੀਓ ਨਾਮ ਮੁਦ ਥਾਇਕੈ।
ਸਾਰ ਚਾਰ ਬੇਦਨ ਕੋ, ਭ੍ਰਮ ਭੇਦ ਛੇਦਨ ਕੋ,
ਦਾਇ ਨਿਰਵੇਦਨ ਕੋ ਚੋਖ ਦੁਖ ਘਾਇਕੈ।

—:o:—

ਦੀਓ ਮੰਤ੍ਰ–ਰਾਜ ਸ੍ਰੀ ਵਾਹਿਗੁਰੂ ਕਾਜ ਸਾਜ,
ਜਾਂਹਿ ਸਮ ਔਰ ਨ ਦਰਾਜ ਫਲ ਦਾਇਕੈ।
ਕੋਊ ਜੁ ਕਹਿਤ ਥੇ ਕਲਾਮ ਦੀਨੀ ਸੱਯਦਾਨੀ,
ਸੋਊ ਸਬ ਕੂਰ ਹਮ ਪੇਖਯੋ ਅਜ਼ਮਾਇਕੈ।
ਏਹੀ ਕਲੀਕਾਲ ਕੀ ਕਰਾਲਤਾ ਕੁਰਾਲਤਾ ਕੋ,
ਗਾਲਤਾਹੈ, ਟਾਲਤਾ ਚੁਰਾਸੀਜੋਨਿ ਮਾਇਕੈ।
ਏਸ ਹੀ ਭਜਨ ਮਾਂਹਿ ਰਾਮਸਿੰਘ ਸਉ ਛਾਹਿ,
ਲਾਈ ਲਿਵ ਅਧਕਾਹਿ ਰਸਨਾ ਹਿਲਾਇਕੈ।

—:o:—

ਕਾਰ ਬਾਰ ਜਗਕੇ, ਅਸਾਰ ਲਖ, ਡਾਰ ਸਬ,
ਧਾਰ ਸੁਅਚਾਰ ਔ ਵਿਚਾਰ ਵੀਚ ਰਹਿ ਹੈ।
ਮਸਤ ਸ਼ਰਾਬੀ ਜਯੋਂ,ਰਹਾਬੀ ਬ੍ਰਿਤਿ ਏਕਰਸ
ਦਾਬੀ ਦਿਲਗੀਰੀ ਫਾਬੀਖੁਸ਼ੀ ਤੈਅਰਹਿ ਹੈ।
ਰੋਧ ਕਰ ਇੰਦ੍ਰੀ, ਨਿਰੋਧ ਮਨ ਕੋ ਪ੍ਰਬੋਧ,
ਸੋਧ ਸ਼ੁੱਧ ਠੌਰ ਨਦੀ ਸਰ ਤਟ ਬਹਿ ਹੈ।
ਜੀਹ ਨਾਮ ਜਪ ਮਾਂਹਿ, ਤਨ ਤਾਯੋ ਤਪ ਮਾਂਹਿ,
ਮਨ ਮਹਿਬੂਬ ਮਾਂਹਿ ਖੂਬ ਰਾਖਯੋ ਗਹਿ ਹੈ।

--:o:--

ਬੀਸਕ ਬਰਸ ਜਬ ਸਰਸ ਬਿਤਾਇ ਐਸ,
ਬੰਦਗੀ ਜ਼ੁਹਦ ਜਾਪ ਕੀਨੋ ਮਨ ਲਾਇਕੈ।
ਦਾਸੀ ਜੋਊ ਨਾਮ ਕੀ,ਪ੍ਰਕਾਸੀ ਰਿਧਿ ਸਿਧਿ ਸੋਊ,
ਭਾਸੀ ਬਾਨੀ ਮੈ ਤਾਸੀਰ ਭਜਨ ਪ੍ਰਭਾਇ ਕੈ।
ਭਈ ਤੌ ਅਕਾਸ ਬਾਨੀ ਖਾਸ ਯੌਂ ਮਹਾਨੀ ਤਾਂਹਿ,
'ਦੇਹੁ ਨਾਮ ਜੀਵਨ ਕੋ,ਸੀਖ ਭੇਗ ਦਾਇਕੈ।
ਪੰਥ ਗੁਰੁ ਦਸਮ ਕੀ ਰਸਮ ਬਢਾਵੇ ਜਗ,
ਖਸਮ ਕਾ ਖਾਲਸਾ ਹੈ ਖਾਸ ਯੇ ਲਖਾਇਕੈ।

--:o:--

ਪਾਇ ਏਹੁ ਹੁਕਮ ਪ੍ਰਮੇਸ ਕਾ ਬਿਸੇਸ ਫਿਰ,
ਰਾਮ ਮ੍ਰਿਗੇਸ ਉਪਦੇਸ ਦੈਨ ਲਾਗਿਓ ।
ਹੁੱਕੇ--ਛੁਡਵਾਏ, ਰਖਵਾਏ ਕੇਸ਼ ਮੌਨਿਓਂ ਕੇ,
ਸੁਧਾ ਛਕਥਾਏ, ਸਿਖ ਭਾਗ ਜਿਨੈ ਜਾਗਿਓ ।
ਫੈਲਯੋ ਜਸ ਭਾਰੀ, ਸਿੱਖ ਥੀਏ ਤਾਂਹਿ ਕੇ ਅਪਾਰੀ,
ਸਿੰਘ ਪੰਥ ਬਿਰਧਾਇਓ, ਨਾਮ ਰਸਪਾਗਿਓ ।
ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ, ਯਾਰੀ,
ਠੱਗੀ ਤਜ ਥੀਏ ਸੰਤ, ਸਤਿਜੁਗ ਆਗਿਓ ।

—:o:—

ਕਰਤੇ ਦੁਕਾਨ ਲੋਹੇ ਕਪੜੇ ਕੀ ਰਾਮ ਸਿੰਘ,
ਤਾਂਤੇ ਨਫਾ ਪਾਇ ਜੋਊ ਆਪ ਪੈਨੇ ਖਾਇ ਹੈ ।
ਸੰਗਤ ਅਪਾਰ ਆਵੈ, ਦ੍ਵਾਰ ਪੈ ਰਹਾਵੈ ਭੀਰ,
ਪੂਜਾ ਜੋ ਚੜ੍ਹਾਵੈ, ਸੋ ਤੋ ਲੰਗਰ ਮੈ ਪਾਇ ਹੈ ।
ਲੇ ਹੈ ਜੋਊ ਨਾਮ ਆਏ, ਸੋਊ ਤੋ ਮਸਤ ਥਾਇ,
ਦਸਤਾਰ ਡਾਰ ਦਾਇ, ਹਾਲ ਚਢ ਜਾਇ ਹੈ ।
ਦੇਤ ਭੇਤ ਨਾਂਹਿਕਾਂਹਿ, ਕਬੀ ਦੂਸਰੋ ਕੋ ਵਾਹਿ,
ਯਾਹਿ ਤੈਂ ਕਲਾਮ ਬਹੁ ਲੋਗ ਸੋ ਬਤਾਇ ਹੈ ।

—:o:—

ਦੇਸਨ ਮੈਂ ਧੂਮ ਮਾਚੀ,ਸਾਚੀ ਇਮ ਤਾਹਿ ਤਬ,
ਆਵੇਂ ਲੋਗ,ਸਿੱਖ ਥਾਵੇਂ,ਅਜਮਾਵੇਂ ਤੇਸ ਹੀ।
ਮਾਲਵੇ, ਦੁਆਬੇ, ਮਾਝੇ,ਪੋਠੋਹਾਰ ਤੈ ਅਪਾਰ,
ਥੀਏ ਸਿਖ ਬੇ ਸ਼ੁਮਾਰ ਤੀਨ ਲਾਖ ਐਸ ਹੀ।
ਸੂਬੇ ਕੀਨੇ ਬਾਈ ਤਿਨ, ਅਕਬਰ ਸਾਹ.ਨਿਆਂਈ,
ਉਨਕੋ ਜ਼ੁਬਾਨ ਮੈ ਤਸੀਰ ਥਾਈ ਵੇਸ ਹੀ।
ਨਰ ਨਾਰਿ ਸਬਦ ਅਪਾਰ ਪਢੈਂ ਗੁਰੂ ਕੇਰ,
ਢੋਲਕੀ ਬਜਾਇ ਬਾਂਧ ਜੋਟੀਆਂ ਅਛੈ ਸਹੀ।

——:o:——

ਹਮਨ ਕਰੇਂ ਹੈਂ, ਭੋਗ ਗ੍ਰੰਥ ਜੀ ਕੇ ਪੈਹੈਂ ਬਹੁ,
ਸੰਗਤੋਂ ਕੇ ਕੱਠ ਥੈ ਹੈਂ ਰੈ ਹੈ ਰਚਨਾ ਲਗੀ।
ਇਸਨਾਨ ਕਰ ਹੈਂ ਸਕੇਸ ਵੇਸ ਰਾਤ ਹੀ ਤੈ,
ਵਾਹਿਗੁਰੂ ਨਾਮ ਮਾਂਹਿ ਰਾਖੈਂ ਰਸਨਾ ਪਗੀ।
ਰਾਖ ਹੈਂ ਪੁਸਾਕ ਪਾਕ.ਸੁਕਲ ਉਰਣ ਮਾਲ,
ਕੱਛ,ਕੜਾ, ਕ੍ਰਦ, ਮੂਦ ਨਾਰਿ ਸਬ ਜੇਤਗੀ।
ਬਿਨਾ ਨਾਮਧਾਰੀ ਅੰਨ, ਜਲ,ਰੋਟੀ,ਬੇਟੀ,ਵਾਰੀ
ਸਾਂਝ ਰਾਖਹੈਂ ਨ ਕਾਹੂੰ ਸੰਗ ਜਗ ਮੈ ਸਗੀ।

——:o:——

ਦੇਵ--ਥਾਨ, ਤੀਰਥ, ਪੁਰਾਨ, ਸਾਧੂ, ਬਿਪ੍ਰੰਕੋ,
ਮਾਨਹੈਂ ਨ ਦਾਨ ਪੁੰਨ ਦੇਤ ਔਰ ਕੋ ਕਬੀ।
ਆਪਸ ਮੈ ਦੇਤ ਲੇਤ ਹੈਂ ਸਹੇਤ ਸਾਕ ਨਾਤਾ,
ਰਾਜ ਲੈਨ ਕੇਰੀ ਇੱਛਯਾ ਮਨ ਸਬਕੇ ਫਬੀ।
ਮਰਣੇ ਔ ਪਰਣੇ ਮੈ ਬਿਪ੍ਰੈਂ ਬੁਲਾਵੈਂ ਨਾਂਹਿ,
ਆਨੰਦ ਪਢਾਵੈਂ ਰੀਤਿ ਗੁਰੂ ਘਰ ਕੀ ਲਭੀ।
ਰਾਮਸਿੰਘ ਹੀ ਕੋ ਸਤਿਗੁਰੂ ਅਵਤਾਰ, ਪੀਰ,
ਜਾਨੈਂ ਜੋ ਬਖਾਨੈ ਵਾਹਿ ਸੋਊ ਮਾਨ ਹੈਂ ਸਭੀ।

--:o:--

ਹੋਰ ਏਹੁ ਚਾਲ ਥੀਏ ਬਿੱਪਰ ਬਿਸਾਲ ਦੁਖੀ,
ਨਿੰਦਿਆ ਉਚਾਰੇਂ ਹਿੰਦੂ, ਤੁਰਕ ਅਪਾਰੇ ਹੈਂ।
ਕਾਰਨ ਦਰਸ, ਗੁਰਦ੍ਵਾਰਨ ਸਿਧਾਰਨ ਜੋ,
ਸਬਦ ਉਚਾਰਨ ਡਾਰਨ ਦਸਤਾਰੇ ਹੈਂ।
ਹੋਰ ਕੇ ਪੁਜਾਰੇ,ਭਾਰੇ ਦੁਖੀ ਹ੍ਵੈ ਉਚਾਰੇ ਗਾਰੇਂ,
ਸ਼ਰਾ ਮਨਵਾਂਹਿ ਵਾਹਿ, ਉਨਕੀ ਨ ਧਾਰੇ ਹੈਂ।
ਯੌਂ ਹੀ ਰੈ ਹੈ ਰੌਰਾ ਗੌਰਾ ਕੂਕਯੋਂ ਕਾ ਦੇਸਨ ਮੈ,
ਬਾਢੇ ਅਤਿ ਭਾਰੇ ਹਿੰਦੂ ਤੁਰਕਨ ਤੇ ਨਿਆਰੇ ਹੈਂ।

--:o:--

ਰਾਮਸਿੰਘ ਜਾਇਜਿਤ, ਸਿੱਖ ਹੈਂ ਹਜਾਰੋਂ ਤਿਤ,
ਭੇਟ ਦੇ ਹੈਂ ਪੀਨ ਧਨ, ਦੀਨ ਬੋਲ ਬੈਨ ਹੈਂ ।
ਦਮਦਮੇ ਸਾਹਿਬ ਮੁਕਤਸਰ ਮੇਲਯੋਂ ਮੈ,
ਗਯੋ ਜਬ ਬਯੋ ਦਲ ਤਾਂਹਿ ਸੰਗ ਐਨ ਹੈਂ ।
ਹੇਰ ਕੇ ਅਰੂਜ ਤੇ ਨਮੂਜ ਤਬ ਤਾਂਹਿ ਬਡ,
ਹਾਕਮ, ਪੁਜਾਰੀ, ਭਾਰੀ ਥੀਏ ਬਿਨ ਚੈਨ ਹੈਂ ।
ਡਿਪਟੀ ਕਮਿਸ਼ਨਰ, ਕੋਟਵਾਲ, ਠਾਨੇਦਾਰ,
ਰੈਹੈਂ ਪੇਸਵਾਈ ਮਾਂਹਿ ਤਾਂਹਿ ਕੇ ਸ-ਸੈਨ ਹੈਂ ।

—:o:—

ਅਦਬ, ਹਿਫਾਜ਼ਤ, ਇਨਤਜਾਮ ਰਾਖੈਂ ਵਾਹਿ,
ਲੋਗ ਨਿਜ ਨਿਜ ਮਨ ਭਾਇ ਬੋਲਬੋ ਕਰੈਂ ।
ਰਾਮਸਿੰਘ ਚਾਹਿ ਅਰਦਾਸ, ਇਤਫਾਕ ਬਾਇ,
ਬ੍ਰਿਦ ਹੈ ਪ੍ਰਤਾਪ ਪੰਥ ਰੀਤਿ ਏਸ ਸੋਂ ਭਰੈਂ ।
ਪਰਸਾਦ ਭੇਟ ਲੈਕੇ ਗਯੋ ਜਬ ਗੁਰੂ ਦਵਾਰੇ,
ਮਿਲ਼ਕੇ ਪੁਜਾਰੀਓਂ ਨੇ ਕਹਿਓ ਐਸ ਹੂ ਖਰੈਂ ।
ਤਾਲ ਪੱਕਾ ਕਰਵਾਇ, ਦੇਹੁ ਤਨਖਾਹਿ ਏਹੁ,
ਦਸਤਾਰ ਉਤਰੈ ਨ ਹਾਲ਼ ਕਿਸੀ ਕੇ ਚਰੇ ।

—:o:—

ਕਹਿਓ ਰਾਮਸਿੰਘ ਉਭੇ ਬਾਤ ਨਾਂਹਿ ਬਾਤ ਮੋਤੈ,
ਦੈਹੁ ਤਨਖਾਹਿ ਕਿਛੁ ਜਥਾ ਜੋਗ ਜੇ ਰਰਯੋ।
ਹੁਤੋ ਗੁਰੁਦਵਾਰੇ ਤੰਬੂ ਸਾਹਿਬ ਕਾ ਜੋ ਮਹੰਤ,
ਮੰਗਲ ਮ੍ਰਿਗੇਸ ਤਾਂਹਿ ਪਰਖਬੇ ਕੋ ਯੋ ਫਰਯੋ।
ਧਾਰ ਹੈ ਨ ਕੂਕਾ ਕੋਊ ਕਬੀ ਨੀਲ ਰੰਗ ਅੰਗ,
ਨੀਲਾ ਸਿਰੇ ਪਾਉ ਰਾਮਸਿੰਘ ਆਗੇ ਲਯਾ ਧਰਯੋ।
ਯਦੀ ਤਾਂਹਿ ਸੋਊ ਨਿਜ ਸੀਸ ਪਰ ਧਾਰ ਲੀਓ,
ਤੌ ਭੀ ਨ ਪੁਜਾਰੀਓਂ ਨੇ ਇਤ—ਫਾਕ ਹੈ ਕਰਯੋ।

——:੦:——

ਐਸ ਹੀ ਅਨੰਦ ਪੁਰ ਗਯੋ ਜਬ ਠੌਰ ਰਹਯੋ,
ਸੰਮਤ ਉਨੀਸ ਬਾਈ ਤੇਈ ਮਧ ਚੰਗ ਹੈ।
ਦੀਪ ਮਾਲ ਚੌਬੀਸਾਲ ਹੂੰਕੀ ਪਰ ਸੁਧਾ ਸਰ,
ਆਇਓ ਹਾਕਮੋ ਨੇ ਕੀਤੀ ਖਾਤਰ ਸੁਰੰਗ ਹੈ।
ਉਤਰਿਓ ਬਹਿਰ ਚਾਟੀ ਪਿੰਡ ਦਰਵਾਜੇ ਹੂੰ ਤੇ,
ਬੀਸਕ ਹਜਾਰ ਕੂਕਾਂ ਸਿੰਘ ਥਯੋ ਸੰਗ ਹੈ।
ਪਰਸਾਦ ਭੇਟ ਲੈ ਅਪਾਰ ਜਬ ਦਰਬਾਰ,
ਆਇਓ ਤੋ ਪੁਜਾਰੀਓਂ ਨੇ ਕੀਨ ਯੋਂ ਕੁਢੰਗ ਹੈ।

——:੦:——

ਕੇਈ ਤੋ ਹਜਾਰੋਂ ਹੀ ਰੁਪਯਾ ਰਿਸਵਤ ਮਾਂਗੈਂ,
ਕੋਊ ਤਨਖਾਹਿ ਚਾਰ ਪਾਂਚ ਲਖ ਮੰਗ ਹੈਂ ।
ਹੋਇਕੇ ਮਸਤ ਕੋਊ ਕੂਕਾ ਨ ਉਤਾਰੈ ਪਾਗ,
ਸਿਖ ਨ ਕਹਾਵੇਂ ਤੇਰੇ, ਧਾਰੈਂ ਨੀਲ਼ ਰੰਗ ਹੈਂ ।
ਕਹਯੋ ਰਾਮਸਿੰਘ, "ਏਹੁ ਬਾਤ ਸਭ ਗੁਰੂ ਵੱਸ,
ਸ਼ਕਤਿ ਨ ਮੋ ਮੈ ਏਤੀ ਫੇਰੋਂ ਮਨ ਢੰਗ ਹੈਂ ।
ਤਨਖਾਹਿ ਆਹਿ ਮੋ ਮੈ ਚਤਰ ਬਿਧਾ ਜੇ ਕੋਊ,
ਲੇਹੁ ਦੰਡ ਵਾਹਿ ਕਰ ਸਹੀ ਸੋ ਨਿਸੰਗ ਹੈ ।"

—:o:—

ਥੀਓ ਤਕਰਾਰ ਦਿਨ ਬਾਤਨ ਤੇ ਭਾਰਿ ਜਬ,
ਬਦਤੀ ਨਿਹਾਰ ਕਾਰ, ਰਾਮ ਸਿੰਘ ਜੂ ਤਬੈ ।
ਗੁਰੂ ਦਵਾਰੇ ਆਗੇ ਥਿਰ ਆਪਹੀ ਅਰਦਾਸ ਕਰ,
ਦੀਓ ਬ੍ਰਤਵਾਇ ਪਰਸਾਦ ਸਬ ਕੋ ਸਬੈ ।
ਗਾਵਤੇ ਸਬਦ ਪ੍ਰਦੱਖਣਾ ਲੈ, ਗਏ ਡੇਰੇ,
ਐਸ ਹੀ ਨ੍ਰਿਮਲਜੋਂ ਕੇ ਸਾਥ ਕੀਨ ਇਨ ਹੈ ਅਬੈ ।
ਪੰਥ ਦੂਧ ਮਾਹਿ ਕਾਂਜੀਡਾਰੀ ਹੈ ਪੁਜਾਰੀਓਂ ਨੇ,
ਮੇਲ ਹੋਨ ਦੇਤ ਨ ਸ਼ਰਈ ਮੰਦ ਥੇ ਕਬੈ ।

—:o:—

ਯਦਪਿ ਪੁਜਾਰੀ ਥੇ ਬਿਰੋਧੀ ਇਨ ਕੇਰ ਥਏ,
ਤੌ ਭੀ ਉਭੇ ਪੰਥ ਯੇ ਬਢਾਏ ਗੁਰੂ ਨੇ ਘਨੇ।
ਸੁਨੋ ਅਬ ਧਰਮ ਕੇ ਹੇਤ ਸਿਰ ਦੈਕੇ ਕੂਕੇ,
ਧਰਮੀ ਸ਼ਹੀਦਨ ਮੇਂ ਰਏ ਜਿਮ ਹੈਂ ਗਨੇ।
ਸੰਮਤ ਉਨੀਸ ਬੀਸ ਤੀਸ ਕੇ ਵਖਤ ਅਤਿ,
ਠੌਰ ਠੌਰ ਧੇਨੁ ਬਧ ਹੋਨ ਲਾਗੇ ਥੇ ਘਨੇ।
ਦੇਖ ਦੇਖ ਹਿੰਦੂ ਸਭ ਹੋਹਿ ਦੁਖਯਾਰੇ ਭਾਰੇ,
ਚਾਰਾ, ਜੋਰ ਸਰਕਾਰ ਸੰਗ ਕੋਊ ਨ ਬਨੇ।

—:o:—

ਹਿੰਮਤ, ਕਮਰ ਬਾਂਧ ਨਾਮਧਾਰੀ ਸਿੰਘੋਂ ਤਬ,
ਬੁਚੜ ਬਿਦਾਰੇ ਹਤਿਆਰੇ ਬਹੁ ਠੌਰ ਮੇ।
ਸੁਧਾਸਰ ਆਦਿ ਠੌਰ ਔਰ ਹਿੰਦੂ ਨਾਮੀ ਗਾਮੀ,
ਅੰਗਰੇਜ਼ੋਂ ਗਹਿਕੇ ਦੁਖਯਾਰੇ ਕੀਨੇ ਗੌਰ ਮੇ।
ਦੇਨ ਲਾਗੇ ਫਾਂਸੀ ਜਬ,ਆਦਿ ਖੁਦ ਕੂਕੇ ਤਬ,
ਕਾਤਲ ਸਬੂਤ ਆਪ ਥੀਏ ਸਬ ਤੌਰ ਪੈ।
ਖੁਸ਼ੀ ਹੋਇ ਦਏਸੀਸ,ਗਏ ਈਸ ਲੋਕ ਮਾਂਹਿ,
ਕੋਟਲੇ ਮਲੇਰ ਫੇਰ ਬਯੇ ਸਾਕਾ ਔਰ ਪੈ।

—:o:—

ਕੂਕੇਸਿੰਘ ਸਾਠ ਕੋ ਨੈਂ, ਠਾਟ ਕੇ ਮਰਨ ਨਿਜ,
ਮਾਰ ਕੇ ਕ਼ਸਾਈਆਂ ਕੋ ਗਾਈਆਂ ਬਚਾਈਆਂ।
ਕੋਟਲੇ ਕੀ ਤੁਰਕਾਨੀ,ਤੈ ਪਠਾਨੀ ਫੌਜ ਸਬ,
ਸਿੰਘਨ ਸੋ ਲਰੀ,ਇਨੈ ਮਾਰ ਕੈ ਹਟਾਈਆ।
ਫੌਜ ਪਟਿਆਲੇ ਨੈ ਬਿਸਾਲੇ ਜਾਇ ਦਗੇਸੰਗ,
ਕਸਮੇ ਉਠਾਇ ਲਯਾਇ ਦੀਏ ਪਕਰਾਈਆ।
ਉਡੇ ਸੋਊ ਤੋਪੋਂ ਆਗੇ,ਅਨੁਰਾਗੇ ਸਬਦੋਂ ਮੇ,
ਖੁਸ਼ੀ ਹੋਇ ਬਡਭਾਗੇ ਧਰਮ ਹਿਤਾਈਆ।

—:o:—

ਸਰਦਾਰ, ਰਾਜੇ,ਤੇ ਮੁਸਾਹਿਬ ਸਾਹਿਬ ਬਡੇ,
ਅਚਰਜ ਥੀਏ ਹੇਰ ਕਾਰ ਤਿਨ ਕੇਰ ਪੈ।
ਦੋਸ ਹੀਨ, ਉਸ ਸਮੇ ਰਾਮ ਸਿੰਘ ਕੋ ਰੰਗੂਨ,
ਭੇਜ ਦੀਓ ਅੰਗਰੇਜੋਂ ਖੂਬ ਸੋਚ ਫੇਰ ਪੈ।
ਔਰ ਹੁਤੇ ਸੂਬੇ ਜੇਈ, ਕਹੂੰ ਕਹੂੰ ਭੇਜੇ ਤੇਈ,
ਜੋਰ ਤੋਰ ਦੀਓ ਏਸ ਪੰਥ ਕੋ ਬਧੇਰ ਪੈ।
ਰਾਮ ਸਿੰਘ ਜੂ ਕੀ ਠੌਰ ਬੁਧ ਸਿੰਘ ਭਾਈ ਤਾਂਹਿ,
ਅਬ ਹੈ ਮਹੰਤ ਕੰਤ ਕੂਕਿਓਂ ਕਾ ਹੇਰ ਪੈ।

—:o:—

ਠਟਤ ਭਵਾਨੀ ਕੀ ਉਪਾਸਨਾ,ਪਠਤ ਬਾਨੀ,
ਵਾਹਿਗੁਰੂ ਵਾਹਿਗੁਰੂ ਰਟਤ ਅਮੂਕੇ ਹੈਂ ।
ਸੁਕਲ ਬਸਨ,ਮਾਲਾ,ਸੂਧੀ ਵਸਤਾਰ,ਦਾਢੀ,
ਕਰ ਹੈਂ ਹਮਨ. ਪਾਠ ਗ੍ਰੰਥ ਗੁਰੂ ਜੂ ਕੇ ਹੈਂ ।
ਦਸਮੇ ਗੁਰੂ ਕੇ ਸਿੰਘ, ਸਾਦਕ ਸਹੀ ਹੈਂ ਸਬ,
ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ ।
ਹੇਰੇ ਜੈਸੇ ਲਖਨ ਹੈਂ, ਟੇਰੇ ਤੈਸੇ ਗਯਾਨ ਸਿੰਘ,
ਐਸੇ ਪਰਸਿਧ ਹੀ ਅਬਿਧ ਸਿਖ ਕੂਕੇ ਹੈਂ ।

ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਸ੍ਰੀ ਭੈਣੀ ਸਾਹਿਬ ਵਿਖੇ ਬਲਵੰਤ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਦੇ ਪਬੰਧ ਨਾਲ ਛਪਿਆ ।